## ਭਗਤ ਕਬੀਰ - ਸਬਦ ੧੮
## ਐਸੋ ਅਚਰਜੁ ਦੇਖਿਓ ਕਬੀਰ ॥
## ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੬

ਐਸੋ ਅਚਰਜੁ ਦੇਖਿਓ ਕਬੀਰ ॥
ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥
ਹਰੀ ਅੰਗੂਰੀ ਗਦਹਾ ਚਰੈ ॥
ਨਿਤ ਉਠਿ ਹਾਸੈ ਹੀਗੈ ਮਰੈ ॥੧॥
ਮਾਤਾ ਭੈਸਾ ਅੰਮੁਹਾ ਜਾਇ ॥
ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥
ਕਹੁ ਕਬੀਰ ਪਰਗਟੁ ਭਈ ਖੇਡ ॥
ਲੇਲੇ ਕਉ ਚੂਘੈ ਨਿਤ ਭੇਡ ॥੩॥
ਰਾਮ ਰਮਤ ਮਤਿ ਪਰਗਟੀ ਆਈ ॥
ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥

ਸਾਰ: ਵਿਅੰਗ ਇਕ ਅਜਿਹਾ ਸ਼ਬਦ ਹੈ ਜੋ ਹਾਸਰਸ ਦੇ ਅਜਿਹੇ ਰੂਪ ਨੂੰ ਦਰਸਾਉਂਦਾ ਹੈ ਜਿਸ ਰਾਹੀਂ ਦਰਸ਼ਕਾਂ ਨੂੰ ਆਲੋਚਨਾਤਮਕ ਚਿੰਤਨ ਲਈ ਪ੍ਰੇਰਿਤ ਕਰਨਾ ਹੁੰਦਾ ਹੈ। ਵਿਅੰਗ ਅਤੇ ਕਟਾਖ਼ਸ਼ ਦੀ ਵਰਤੋਂ ਕਿਸੀ ਵਿਸ਼ੇ ਵਿਚ ਨਹਿਤ ਸਮਾਜਿਕ ਦੋਸ਼, ਰਾਜਨੀਤਿਕ ਵਿਰੋਧਾਭਾਸਾਂ, ਅਤੇ ਧਾਰਮਿਕ ਅਸੰਗਤਾਵਾਂ ਨੂੰ ਉਜਾਗਰ ਕਰਨ ਲਈ ਹੁੰਦੀ ਹੈ ਜਿਸ ਰਾਹੀਂ ਸਮਾਜਿਕ ਮਾਪਦੰਡਾਂ, ਸੰਸਥਾਵਾਂ ਜਾਂ ਵਿਅਕਤੀਗਤ ਧਾਰਨਾਵਾਂ ਨੂੰ ਚੁਣੌਤੀ ਦੇ ਉਸ ਉਪਰ ਹਾਸਰਸ ਪੈਦਾ ਕੀਤਾ ਜਾਂਦਾ ਹੈ। ਭਗਤ ਕਬੀਰ ਦੁਆਰਾ ਕੀਤੀ ਵਿਅੰਗ ਅਤੇ ਅਲੰਕਾਰਾਂ ਦੀ ਵਰਤੋਂ ਇਨਕਲਾਬੀ ਸੋਚ ਅਤੇ ਰੁਪਾਂਤ੍ਰਣ ਲਈ ਪ੍ਰੇਰਿਤ ਕਰਦੀ ਹੈ। ਜੀਵੰਤ ਚਿੱਤਰਣ ਅਤੇ ਵਿਅੰਗਾਤਮਕ ਟਿੱਪਣੀਆਂ ਮਨ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਨਾਲ ਉਨ੍ਹਾਂ ਵਿਚਲੇ ਸੰਦੇਸ਼ ਵਡ-ਗਿਣਤੀ ਦਰਸ਼ਕਾਂ ਲਈ ਸੰਬੰਧਿਤ ਅਤੇ ਪਹੁੰਚਯੋਗ ਬਣ ਜਾਂਦੇ ਹਨ। ਵਿਅੰਗ ਵਿਧੀ ਰਾਹੀਂ, ਉਹ ਸਮਾਜਿਕ ਬਣਾਵਟੀ ਸੋਚ ਨੂੰ ਜੱਗ ਜ਼ਾਹਿਰ ਕਰਦੇ ਹਨ, ਅਤੇ ਉਨ੍ਹਾਂ ਦੇ ਦ੍ਰਿਸ਼ਟਾਂਤ ਰੂਹਾਨੀ ਸੰਕਲਪਾਂ ਨੂੰ ਉਜਾਗਰ

ਕਰਦੇ ਹਨ ਜੋ ਕਿਸੇ ਦੇ ਜੀਵਨ ਅਤੇ ਰੂਹਾਨੀਅਤ ਨਾਲ ਰਿਸ਼ਤੇ ਬਾਰੇ ਚਿੰਤਨ ਨੂੰ ਉਤਸ਼ਾਹਿਤ ਕਰਦੇ ਹਨ।

ਐਸੋ ਅਚਰਜੁ ਦੇਖਿਓ ਕਬੀਰ ॥

ਕਬੀਰ ਕਹਿੰਦੇ ਹਨ ਕਿ ਉਹ ਅਜਿਹੀਆਂ ਅਜੀਬ ਅਤੇ ਅਦਭੁਤ ਚੀਜ਼ਾਂ ਦੇਖਦੇ ਹਨ।

ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ ॥

ਅਗਿਆਨਤਾ ਵਿਚ, ਪਾਣੀ ਨੂੰ ਮਲਾਈ ਸਮਝ ਮੱਖਣ ਬਣਾਉਣ ਲਈ ਰਿੜਕਿਆ ਜਾ ਰਿਹਾ ਹੈ, ਜੋ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਆਲੋਚਨਾਤਮਕ ਸੋਚ ਤੋਂ ਬਿਨਾਂ ਕੀਤੇ ਯਤਨ ਬਿਬੇਕਹੀਨ ਹੋ ਜਾਂਦੇ ਹਨ। (੧)(ਠਹਿਰਾਉ)

ਹਰੀ ਅੰਗੂਰੀ ਗਦਹਾ ਚਰੈ ॥

ਗਧਾ ਕੱਚੇ ਹਰੇ ਅੰਗੂਰ ਚਰਦਾ ਹੈ, ਇਹ ਦਰਸਾਉਂਦਾ ਹੈ ਕਿ ਸਿਰਫ਼ ਗਿਆਨ ਤੱਕ ਪਹੁੰਚ, ਬਿਬੇਕ ਜਾਂ ਰੁਪਾਂਤ੍ਰਣ ਦੇ ਤੁਲ ਨਹੀਂ ਹੁੰਦੀ।

ਨਿਤ ਉਠਿ ਹਾਸੈ ਹੀਗੈ ਮਰੈ ॥੧॥

ਹਰ ਰੋਜ਼, ਇਹ ਜਾਗਦਾ, ਹੱਸਦਾ, ਅਤੇ ਹੇਂਕਦਾ ਹੈ, ਅਤੇ ਫਿਰ ਮਰ ਜਾਂਦਾ ਹੈ, ਜੋ ਕਿ ਰੂਹਾਨੀ ਮੌਤ ਨੂੰ ਦਰਸਾਉਂਦਾ ਹੈ, ਕਿਉਂਕਿ ਮਨ ਜੀਵਨ ਦੇ ਮੌਕਿਆਂ ਨੂੰ ਕਲਾਵੇ ਵਿਚ ਲੈਣ ਤੋਂ ਸੱਖਣਾ ਰਹਿੰਦਾ ਹੈ, ਹਰ ਦਿਨ ਵਿਕਾਸ ਜਾਂ ਜਾਗਰੂਕਤਾ ਤੋਂ ਬਿਨਾਂ ਖਤਮ ਹੁੰਦਾ ਹੈ। (੧)

ਮਾਤਾ ਭੈਸਾ ਅੰਮੁਹਾ ਜਾਇ ॥

ਇਕ ਬੇਲਗਾਮ, ਨਸ਼ੇ ਵਿਚ ਧੁੱਤ ਬਲਦ ਕਾਬੂ ਤੋਂ ਬਾਹਰ ਹੋ ਜਾਂਦਾ ਹੈ, ਜੋ ਬਿਬੇਕ ਤੋਂ ਸੱਖਣੇ ਅਤੇ ਹੰਕਾਰ ਦੁਆਰਾ ਗੁੰਮਰਾਹ ਹੋਏ ਮਨ ਦਾ ਪ੍ਰਤੀਕ ਹੈ।

ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥

ਉਹ ਉਤਸ਼ਾਹ ਨਾਲ ਕੁੱਦਦਾ, ਚਰਦਾ ਰਹਿੰਦਾ ਹੈ ਅਤੇ ਡੂੰਘੀ ਖੱਡ ਵਿਚ ਡਿੱਗਦਾ ਹੈ। ਦੁਨਿਆਵੀ ਭਰਮਾਂ ਦੁਆਰਾ ਲੁਭਾਇਆ ਗਿਆ, ਮਨ ਭੌਤਿਕਵਾਦ ਦੁਆਰਾ ਗ੍ਰਸਤ ਹੋ ਜਾਂਦਾ ਹੈ। (੨)

ਕਹੁ ਕਬੀਰ ਪਰਗਟੁ ਭਈ ਖੇਡ ॥

ਕਬੀਰ ਕਹਿੰਦੇ ਹਨ ਕਿ ਇਹ ਖੇਡ ਪ੍ਰਗਟ ਹੋ ਗਿਆ ਹੈ, ਜੋ ਦਰਸਾਉਂਦਾ ਹੈ ਕਿ ਆਤਮਿਕ ਅਗਿਆਨਤਾ ਦੀ ਬੇਤੁਕੀ ਗੱਲ ਉਨ੍ਹਾਂ ਲੋਕਾਂ ਲਈ ਸਪੱਸ਼ਟ ਹੋ ਜਾਂਦੀ ਹੈ ਜੋ ਸਵੈ-ਚਿੰਤਨ ਵਿਚ ਰੁੱਝੇ ਹੋਏ ਹਨ।

ਲੇਲੇ ਕਉ ਚੂਘੈ ਨਿਤ ਭੇਡ ॥੩॥

ਲੇਲੇ ਨੂੰ ਭੇਡ ਨਿਰੰਤਰ ਚੁੰਘਦੀ ਹੈ, ਇਹ ਉਲਟੀਆਂ ਭੂਮਿਕਾਵਾਂ ਅਤੇ ਗੁੰਮਰਾਹਕੁੰਨ ਪਾਲਣ-ਪੋਸ਼ਣ ਦਾ ਪ੍ਰਤੀਕ ਹੈ, ਜਿੱਥੇ ਅਣਜਾਣ ਲੋਕਾਂ ਨੂੰ ਮਾਰਗਦਰਸ਼ਕ ਸਮਝਿਆ ਜਾਂਦਾ ਹੈ, ਜੋ ਦੇਖਭਾਲ ਦੇ ਭਰਮ ਹੇਠ ਅਗਿਆਨਤਾ ਨੂੰ ਕਾਇਮ ਰੱਖਦੇ ਹਨ। (੩)

ਰਾਮ ਰਮਤ ਮਤਿ ਪਰਗਟੀ ਆਈ ॥

ਆਪਣੇ ਆਪ ਨੂੰ ਸਰਵ-ਵਿਆਪੀ ਜਾਗਰੂਕਤਾ ਵਿਚ ਵਿਲੀਨ ਕਰਨ ਨਾਲ, ਸਾਡੀ ਬੌਧਿਕਤਾ ਦੀ ਸਮਰੱਥਾ ਪ੍ਰਗਟ ਹੁੰਦੀ ਹੈ, ਜੋ ਇਹ ਉਜਾਗਰ ਕਰਦੀ ਹੈ ਕਿ ਕਿਵੇਂ ਵਿਵੇਕ ਸਾਨੂੰ ਏਕਤਾ ਨੂੰ ਸਮਝਣ ਦੀ ਆਗਿਆ ਦਿੰਦਾ ਹੈ।

ਕਹੁ ਕਬੀਰ ਗੁਰਿ ਸੋਝੀ ਪਾਈ ॥੪॥੧॥੧੪॥

ਕਬੀਰ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਸੂਝ ਉਸ ਬਿਬੇਕ ਦੁਆਰਾ ਪ੍ਰਾਪਤ ਕੀਤੀ ਹੈ ਜੋ ਉਨ੍ਹਾਂ ਨੂੰ ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਂਦਾ ਹੈ। (੪)(੧)(੧੪)

ਤੱਤ: ਭਗਤ ਕਬੀਰ ਇਕ ਅਜਿਹੇ ਸੰਸਾਰ ਨੂੰ ਸੰਬੋਧਿਤ ਹੁੰਦੇ ਹਨ ਜਿੱਥੇ ਅਗਿਆਨਤਾ ਦਾ ਜਸ਼ਨ ਮਨਾਇਆ ਜਾਂਦਾ ਹੈ, ਅਤੇ ਬਿਬੇਕ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਸਮਾਜ ਵਿਚ, ਕਰਮਕਾਂਡੀ ਰਸਮਾਂ ਨੂੰ ਅਕਸਰ ਸੂਝ ਅਤੇ ਦਾਰਸ਼ਨਿਕ ਅੰਤਰਦ੍ਰਿਸ਼ਟੀ ਦੀ ਵਰਤੋਂ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਇਹ

ਮੱਖਣ ਕੱਢਣ ਲਈ ਪਾਣੀ ਰਿੜਕਣ ਵਾਂਗ ਹੈ; ਕੋਸ਼ਿਸ਼ ਤਾਂ ਕੀਤੀ ਜਾਂਦੀ ਹੈ, ਪਰ ਕੁਝ ਮੁਲਵਾਨ ਪ੍ਰਾਪਤ ਨਹੀਂ ਹੁੰਦਾ। ਉਹ ਸਾਨੂੰ ਆਲੋਚਨਾਤਮਕ ਚਿੰਤਨ ਲਈ ਉਤਸ਼ਾਹਿਤ ਕਰਦੇ ਹਨ, ਜਿਸ ਨਾਲ ਅਸੀਂ ਥੋਥੀਆਂ ਪਰੰਪਰਾਵਾਂ ਨੂੰ ਰੱਦ ਕਰ ਸਕਦੇ ਹਾਂ ਅਤੇ ਇਸ ਦੀ ਬਜਾਏ ਉਨ੍ਹਾਂ ਗੰਭੀਰ ਸੱਚਾਈਆਂ ਵੱਲ ਜਾਗ੍ਰਿਤ ਹੋ ਸਕਦੇ ਹਾਂ ਜੋ ਅੱਖਾਂ ਤੋਂ ਅਦਿੱਖ ਰਹਿੰਦੀਆਂ ਹਨ ਪਰ ਜਾਗ੍ਰਿਤ ਮਨ ਲਈ ਸਪੱਸ਼ਟ ਹਨ। ਬਿਬੇਕ, ਗੁਰੂ, ਭਾਵੇਂ ਸਾਡੇ ਅੰਦਰ ਹੋਵੇ ਜਾਂ ਬਾਹਰੀ ਕਾਰਜਾਂ ਵਿਚ, ਜੀਵਨ ਦੀਆਂ ਬੇਤੁਕੀਆਂ ਗੱਲਾਂ ਨੂੰ ਸਮਝਣ ਅਤੇ ਸਪੱਸ਼ਟਤਾ ਨੂੰ ਮੁੜ ਪ੍ਰਾਪਤ ਕਰਨ ਦੀ ਕੁੰਜੀ ਹੈ। ਉਹ ਇਸ ਪਰਿਵਰਤਨ ਨੂੰ ਅਪਣਾਉਣ ਅਤੇ ਸਮਾਜਿਕ ਪ੍ਰਵਾਨਗੀ 'ਤੇ ਭਰੋਸਾ ਕਰਨ ਦੀ ਬਜਾਏ, ਬਾਹਰੀ ਪੱਧਰ ਤੋਂ ਪਰੇ ਤੱਤਸਾਰ ਦੀ ਭਾਲ ਕਰਨ ਦੀ ਸਲਾਹ ਦਿੰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**